# ਡੈਲਟਾ ਵਿੱਚ ਨਵੇਂ ਆਉਣ ਵਾਲਿਆਂ ਲਈ ਹੋਰ ਪ੍ਰੋਗਰਾਮ

## ਮਿਉਨਿਸਿਪਲ

**ਡੈਲਟਾ ਸਿਟੀ - LAAP**
ਲੀਜ਼ਰ ਐਕਸੈਸ ਅਸਿਸਟੈਂਸ ਪ੍ਰੋਗਰਾਮ (ਵਿਹਲੇ ਸਮੇਂ ਵਿੱਚ ਪਹੁੰਚ ਲਈ ਸਹਾਇਤਾ ਪ੍ਰੋਗਰਾਮ) ਯੋਗ, ਘੱਟ ਆਮਦਨੀ ਵਾਲੇ ਡੈਲਟਾ ਨਿਵਾਸੀਆਂ ਨੂੰ ਡ੍ਰਾਪ-ਇਨ ਫਿਟਨੈਸ ਕਲਾਸਾਂ, ਵੇਟ ਰੂਮ ਸੈਸ਼ਨਾਂ, ਜਨਤਕ ਤੈਰਾਕੀਆਂ, ਜਿੰਮ, ਅਤੇ ਜਨਤਕ ਸਕੇਟਿੰਗ ਤੱਕ ਪਹੁੰਚ ਦਿੰਦਾ ਹੈ। ਯੋਗਤਾ ਬਾਰੇ ਜਾਣਨ ਲਈ ਸੰਪਰਕ ਕਰੋ:
604-946-3298 | ksteel@delta.ca

**ਡੈਲਟਾ ਸਿਟੀ - ਸੀਨੀਅਰਜ਼ ਬੱਸ ਪ੍ਰੋਗਰਾਮ**
ਸੀਨੀਅਰਜ਼ ਬੱਸ ਪ੍ਰੋਗਰਾਮ ਡੈਲਟਾ ਵਿੱਚ ਰਹਿਣ ਵਾਲੇ 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬਜ਼ੁਰਗਾਂ ਲਈ ਇੱਕ ਮੁਫ਼ਤ ਆਵਾਜਾਈ ਸੇਵਾ ਹੈ। ਬੱਸ ਪਹਿਲਾਂ ਤੋਂ ਸੇਵਾ ਬੁੱਕ ਕਰਨ ਵਾਲੇ ਬਜ਼ੁਰਗਾਂ ਨੂੰ ਚੁੱਕਣ ਅਤੇ ਛੱਡਣ ਲਈ ਰੁਕਦੀ ਹੈ। ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ 604-597-4876 'ਤੇ ਕਾਲ ਕਰੋ। *ਜੇ ਤੁਹਾਡੇ ਕੋਲ ਨਵੀਂ ਆਈ ਆਬਾਦੀ ਲਈ ਸ਼ਹਿਰ ਦੇ ਸਮਰਥਨ ਬਾਰੇ ਕੋਈ ਪੁੱਛ-ਗਿਛ ਹੈ, ਤਾਂ ਕਿਰਪਾ ਕਰਕੇ socialplanning@delta.ca 'ਤੇ ਈਮੇਲ ਕਰੋ।*

## ਸਿਹਤ

**ਫ੍ਰੇਜ਼ਰ ਹੈਲਥ ਅਥਾਰਟੀ ਵਿਖੇ ਦੁਭਾਸ਼ੀਆ ਸੇਵਾਵਾਂ**
ਮਰੀਜ਼ਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਦੁਭਾਸ਼ੀਆ ਸੇਵਾ ਉਪਲਬਧ ਹੈ। ਤੁਹਾਡੇ ਲਈ ਦੁਭਾਸ਼ੀਏ ਦੀ ਬੇਨਤੀ ਕਰਨ ਲਈ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਸੂਬਾਈ ਭਾਸ਼ਾ ਸੇਵਾ ਨੂੰ 604-297-8400 ਜਾਂ 1-877-228-2557 'ਤੇ ਕਾਲ ਕਰ ਸਕਦੇ ਹਨ।

**ਡੈਲਟਾ ਵਿੱਚ ਪਰਿਵਾਰਕ ਡਾਕਟਰ ਲੱਭੋ**
ਜੇ ਤੁਸੀਂ ਡੈਲਟਾ ਜਾਂ ਕੈਨੇਡਾ ਵਿੱਚ ਨਵੇਂ ਹੋ, ਅਤੇ ਫੈਮਿਲੀ ਡਾਕਟਰ ਦੀ ਭਾਲ ਕਰ ਰਹੇ ਹੋ, ਤਾਂ ਤੁਸੀਂ ਤੁਹਾਡੇ ਟਿਕਾਣੇ ਦੇ ਆਧਾਰ 'ਤੇ ਫੈਮਿਲੀ ਡਾਕਟਰ ਨਾਲ ਮੇਲ ਕਰਾਏ ਜਾਣ ਲਈ ਰਜਿਸਟਰ ਕਰ ਸਕਦੇ ਹੋ। *ਜਿਸ ਖੇਤਰ ਵਿੱਚ ਤੁਸੀਂ ਰਹਿੰਦੇ ਹੋ ਕਿਰਪਾ ਕਰਕੇ ਉਸਦੇ ਆਧਾਰ 'ਤੇ ਇੱਕ ਲਿੰਕ ਚੁਣੋ।*

*ਲੈਡਨਰ ਅਤੇ ਟਵਾਸਨ*

*ਨੋਰਥ ਡੈਲਟਾ*

**ਜ਼ਰੂਰੀ ਮਾਨਸਿਕ ਸਿਹਤ ਸਹਾਇਤਾ**
ਜੇ ਤੁਹਾਨੂੰ ਜ਼ਰੂਰੀ ਮਾਨਸਿਕ ਸਿਹਤ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 1-800-784-2433 'ਤੇ ਕ੍ਰਾਈਸਿਸ ਲਾਈਨ ਜਾਂ 310-6789 'ਤੇ ਸਪੋਰਟ ਲਾਈਨ ਨੂੰ ਕਾਲ ਕਰੋ (ਕਿਸੇ ਖੇਤਰ ਕੋਡ ਦੀ ਲੋੜ ਨਹੀਂ ਹੈ)।

**ਡੈਲਟਾ ਕਮਿਊਨਿਟੀ ਲਿਵਿੰਗ ਸੋਸਾਇਟੀ**
ਡੈਲਟਾ ਕਮਿਊਨਿਟੀ ਲਿਵਿੰਗ ਸੋਸਾਇਟੀ ਕਮਿਊਨਿਟੀ ਸ਼ਮੂਲੀਅਤ, ਰੁਜ਼ਗਾਰ, ਪਰਿਵਾਰ, ਅਤੇ ਰਿਹਾਇਸ਼ੀ ਸੇਵਾਵਾਂ ਰਾਹੀਂ ਵਿਕਾਸ ਸੰਬੰਧੀ ਅਸਮਰਥਤਾਵਾਂ ਵਾਲੇ ਲੋਕਾਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਸਹਾਇਤਾ ਕਰਦੀ ਹੈ। ਸੰਪਰਕ ਕਰੋ:
604-946-9508 | dcls.ca

**ਡੈਲਟਾਸਿਸਟ**
ਡੈਲਟਾਸਿਸਟ (Deltassist) ਡੈਲਟਾ ਦੇ ਪਰਿਵਾਰਾਂ ਨੂੰ ਕਈ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ, ਜਿਨ੍ਹਾਂ ਵਿੱਚ ਕਾਉਂਸਲਿੰਗ, ਫੂਡ ਐਮਰਜੈਂਸੀ ਸਹਾਇਤਾ, ਬਜ਼ੁਰਗਾਂ ਲਈ ਸੇਵਾਵਾਂ, ਇਨਕਮ ਟੈਕਸ ਸੰਬੰਧੀ ਸੇਵਾਵਾਂ, ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲਿਆਂ ਲਈ ਸਹਾਇਤਾ ਅਤੇ ਸਾਲਾਨਾ ਕ੍ਰਿਸਮਸ ਪ੍ਰੋਗਰਾਮ ਸ਼ਾਮਲ ਹਨ। ਨੋਰਥ ਡੈਲਟਾ: 604-594-3455; ਸਾਊਥ ਡੈਲਟਾ: 604-946-9526.
deltassist.com 'ਤੇ ਜਾਓ

# ਡੈਲਟਾ ਵਿੱਚ ਨਵੇਂ ਆਉਣ ਵਾਲਿਆਂ ਲਈ ਹੋਰ ਪ੍ਰੋਗਰਾਮ

## ਬੱਚੇ

**ਆਪਸ਼ਨਜ਼ ਬਾਲ ਦੇਖਭਾਲ ਸਰੋਤ ਕੇਂਦਰ**
ਚਾਈਲਡਕੇਅਰ ਆਪਸ਼ਨਜ਼ ਪਰਿਵਾਰਾਂ ਅਤੇ ਬਾਲ ਦੇਖਭਾਲ ਪ੍ਰਦਾਤਾਵਾਂ ਨੂੰ ਜੋੜ ਕੇ ਨਵਜੰਨਮਿਆਂ ਤੋਂ ਲੈ ਕੇ 12 ਸਾਲ ਤੱਕ ਦੇ ਬੱਚਿਆਂ ਲਈ ਬਾਲ ਦੇਖਭਾਲ ਲੱਭਣ ਵਿੱਚ ਮਾਪਿਆਂ ਦੀ ਮਦਦ ਕਰਦਾ ਹੈ। ਆਪਸ਼ਨਜ਼ ਬਾਲ-ਦੇਖਭਾਲ ਸਬਸਿਡੀਆਂ ਲਈ ਅਰਜ਼ੀ ਦੇਣ ਵਾਲੇ ਮਾਪਿਆਂ ਨੂੰ ਵੀ ਸਹਾਇਤਾ ਮੁਹੱਈਆ ਕਰਦਾ ਹੈ।
ਸੰਪਰਕ: 604-572-8032 | childcareoptions@options.bc.ca

**0-6 ਸਾਲ ਦੇ ਬੱਚਿਆਂ ਵਾਲੇ ਪਰਿਵਾਰਾਂ ਲਈ ਬਹੁ-ਸੱਭਿਆਚਰਕ ਆਊਟਰੀਚ ਪ੍ਰੋਗਰਾਮ**
ਇਹ ਪ੍ਰੋਗਰਾਮ ਸ਼ੁਰੂਆਤੀ ਸਾਖਰਤਾ, ਸਿੱਖਿਆ, ਅਤੇ ਵੱਖ-ਵੱਖ ਸਰੋਤਾਂ ਲਈ ਰੈਫਰਲ ਦੇ ਨਾਲ ਸਹਾਇਤਾ ਦੀ ਪੇਸ਼ਕਸ਼ ਕਰਦਾ ਹੈ। ਸਹਾਇਤਾ ਅੰਗਰੇਜ਼ੀ, ਅਰਬੀ ਅਤੇ ਪੰਜਾਬੀ ਵਿੱਚ ਉਪਲਬਧ ਹੈ। ਸੰਪਰਕ: 604-547-2003
childrensprograms@dcrs.ca

**ਰੀਚ ਚਾਈਲਡ ਐਂਡ ਯੂਥ ਡਿਵੈਲਪਮੈਂਟ ਸੋਸਾਇਟੀ**
ਰੀਚ ਚਾਈਲਡ ਐਂਡ ਯੂਥ ਡਿਵੈਲਪਮੈਂਟ ਸੋਸਾਇਟੀ ਵਿਸ਼ੇਸ਼ ਲੋੜਾਂ ਵਾਲੇ ਪਰਿਵਾਰਾਂ ਅਤੇ ਬੱਚਿਆਂ ਲਈ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਉਹਨਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਵਿੱਚ ਉਹਨਾਂ ਦੀ ਮਦਦ ਕਰਦੀ ਹੈ। ਸੰਪਰਕ: 604-946-6622
reachchild.org

**BGC (ਪਹਿਲਾਂ ਬੁਆਇਜ਼ ਐਂਡ ਗਰਲਜ਼ ਕਲੱਬ ਨਾਲ ਜਾਣਿਆ ਜਾਂਦਾ)**
BGC ਬੱਚਿਆਂ ਅਤੇ ਨੌਜਵਾਨਾਂ ਨੂੰ ਵੱਖ-ਵੱਖ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦਾ ਹੈ ਜਿਨ੍ਹਾਂ ਵਿੱਚ ਸਕੂਲ ਤੋਂ ਬਾਅਦ ਦੀਆਂ ਗਤੀਵਿਧੀਆਂ, ਕਾਉਂਸਲਿੰਗ ਅਤੇ ਨੌਜਵਾਨਾਂ ਲਈ ਰੁਜ਼ਗਾਰ ਸੇਵਾਵਾਂ ਆਦਿ ਸ਼ਾਮਲ ਹਨ। ਹੋਰ ਜਾਣਕਾਰੀ ਲਈ bgcbc.ca 'ਤੇ ਜਾਓ।

## ਫੂਡ ਬੈਂਕਾਂ

**ਗੁਰੂ ਨਾਨਕ ਫੂਡ ਬੈਂਕ**
ਸੋਮ-ਸ਼ੁੱਕਰ: ਦੁਪਹਿਰ ਬਾਅਦ 1 ਤੋਂ ਸ਼ਾਮ 6 ਵਜੇ, ਸ਼ਨੀ-ਐਤ:
ਸਵੇਰੇ 11 ਤੋਂ ਸ਼ਾਮ 6 ਵਜੇ
11188 84 Ave, Delta | 604-580-1313

**ਸਾਊਥ ਡੈਲਟਾ ਫੂਡ ਬੈਂਕ**, ਬੁੱਧਵਾਰ: ਸਵੇਰੇ 8:30 ਤੋਂ ਦੁਪਹਿਰ 11:00 ਵਜੇ ਤਕ
5545 Ladner Trunk Road, Delta | 604-946-1967

**ਨੋਰਥ ਡੈਲਟਾ ਫੂਡ ਬੈਂਕ ਡਿਪੂ**
ਹਰ ਇੱਕ ਛੱਡ ਕੇ ਮੰਗਲਵਾਰ: ਸਵੇਰੇ 10:00 ਤੋਂ ਦੁਪਹਿਰ 12:00 ਵਜੇ ਤਕ
11300 84 Ave, Delta | 604-581-5443 ਐਕਸਟੈਂਸ਼ਨ 105

## ਸੁਰੱਖਿਆ

**ਡੈਲਟਾ ਪੁਲਿਸ ਵਿਕਟਿਮਜ਼ ਸਰਵਿਸਿਜ਼**
ਵਿਕਟਿਮ ਸਰਵਿਸਿਜ਼ (ਪੀੜਤਾਂ ਲਈ ਸੇਵਾਵਾਂ) ਦੁਖਦਾਈ ਘਟਨਾਵਾਂ, ਅਪਰਾਧਿਕ ਜਾਂਚ-ਪੜਤਾਲਾਂ, ਅਤੇ ਅਦਾਲਤੀ ਪ੍ਰਣਾਲੀ ਵਿੱਚ ਪੀੜਤਾਂ ਅਤੇ ਬਚਣ ਵਾਲਿਆਂ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ। ਇਸ ਵਿੱਚ ਹਮਲੇ, ਡਕੈਤੀ, ਘਰੇਲੂ ਹਿੰਸਾ, ਬਜ਼ੁਰਗਾਂ ਨਾਲ ਬਦਸਲੂਕੀ ਦੀਆਂ ਸਥਿਤੀਆਂ, ਅਤੇ ਹੋਰ ਬਹੁਤ ਕੁਝ ਸ਼ਾਮਲ ਹੋ ਸਕਦਾ ਹੈ।
ਸੰਪਰਕ: 604-940-5019

# ਡੈਲਟਾ ਵਿੱਚ ਨਵੇਂ ਆਉਣ ਵਾਲਿਆਂ ਲਈ ਹੋਰ ਪ੍ਰੋਗਰਾਮ

**ਡੈਲਟਾ ਔਰਤਾਂ ਲਈ ਪਰਿਵਰਤਨ ਘਰ - ਅਜ਼ੂਰ ਪਲੇਸ**
ਅਜ਼ੂਰ ਪਲੇਸ ਘਰੇਲੂ ਦੁਰਵਿਹਾਰ ਤੋਂ ਭੱਜਣ ਵਾਲੀਆਂ ਔਰਤਾਂ ਅਤੇ ਬੱਚਿਆਂ ਲਈ ਇੱਕ ਸੁਰੱਖਿਅਤ ਅਤੇ ਗੁਪਤ ਸਥਾਨ ਹੈ। ਇਹ ਡੈਲਟਾ ਵਿੱਚ ਇੱਕ ਪਰਿਵਰਤਨ ਘਰ ਹੈ, ਜੋ ਕਿ ਔਰਤਾਂ ਅਤੇ ਬੱਚਿਆਂ ਲਈ 30 ਦਿਨਾਂ ਤੱਕ ਸੁਰੱਖਿਅਤ, ਮਹਿਫੂਜ਼ ਅਤੇ ਅਸਥਾਈ ਰਿਹਾਇਸ਼ ਪ੍ਰਦਾਨ ਕਰਦਾ ਹੈ।
ਸੰਪਰਕ: 604-957-1556 | wingsap@azureplace.org

**ਮੁਫ਼ਤ ਕਾਨੂੰਨੀ ਸੇਵਾਵਾਂ**
ਤੁਸੀਂ ਲੀਗਲ ਏਡ ਬੀਸੀ ਵਿਖੇ ਮੁਫ਼ਤ ਜਾਂ ਘੱਟ ਕੀਮਤ ਵਾਲੀਆਂ ਕਾਨੂੰਨੀ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹੋ। 604-408-2172 'ਤੇ ਕਾਲ ਕਰੋ ਜਾਂ legalaid.bc.ca 'ਤੇ ਜਾਓ।

## ਕਿਰਾਏ ਵਿੱਚ ਸਬਸਿਡੀਆਂ

**ਹੋਮਲੈਸ ਪ੍ਰੀਵੈਂਸ਼ਨ ਪ੍ਰੋਗਰਾਮ (HPP) (ਬੇਘਰ ਰੋਕਥਾਮ ਪ੍ਰੋਗਰਾਮ)**
ਬੇਘਰ ਹੋਣ ਦਾ ਸਾਹਮਣਾ ਕਰ ਰਹੇ ਪਛਾਣੇ ਗਏ ਜੋਖਮ ਵਾਲੇ ਸਮੂਹਾਂ ਵਿੱਚ ਵਿਅਕਤੀਆਂ ਦੀ ਨਿੱਜੀ (ਗੈਰ-ਸਬਸਿਡੀ ਵਾਲੀ) ਹਾਊਸਿੰਗ ਮਾਰਕੀਟ ਵਿੱਚ ਕਿਰਾਏ ਦੀ ਰਿਹਾਇਸ਼ ਤੱਕ ਪਹੁੰਚ ਕਰਨ ਵਿੱਚ ਮਦਦ ਕਰਨ ਲਈ ਕਿਰਾਇਆ ਪੂਰਕ ਅਤੇ ਸਹਾਇਤਾ ਸੇਵਾਵਾਂ ਪ੍ਰਦਾਨ ਕਰਦਾ ਹੈ। ਯੋਗ ਨਿਵਾਸੀਆਂ ਨੂੰ 1-3 ਮਹੀਨਿਆਂ ਦੇ ਕਿਰਾਏ ਵਿੱਚ ਸਬਸਿਡੀਆਂ ਅਧਿਕਤਮ ($450) ਲਈ ਮਨਜ਼ੂਰੀ ਦਿੱਤੀ ਜਾਂਦੀ ਹੈ।

**ਹੋਮਲੈਸ ਆਊਟਰੀਚ ਪ੍ਰੋਗਰਾਮ (HOP)**
ਆਊਟਰੀਚ ਵਰਕਰ ਰਿਹਾਇਸ਼ ਸੰਬੰਧੀ ਲੋੜਾਂ ਨਿਰਧਾਰਤ ਕਰਨ, ਵਸਨੀਕਾਂ ਨੂੰ ਲੋੜੀਂਦੀਆਂ ਸੇਵਾਵਾਂ, ਜਾਂ ਰਿਹਾਇਸ਼ ਨਾਲ ਜੋੜਨ ਜਾਂ ਜਾਣੂ ਕਰਵਾਉਣ ਲਈ ਸਹਾਇਤਾ ਪ੍ਰਦਾਨ ਕਰਦੇ ਹਨ। ਯੋਗ ਨਿਵਾਸੀਆਂ ਨੂੰ 1-3 ਮਹੀਨਿਆਂ ਦੇ ਕਿਰਾਏ ਵਿੱਚ ਸਬਸਿਡੀਆਂ ਅਧਿਕਤਮ ($300) ਲਈ ਮਨਜ਼ੂਰੀ ਦਿੱਤੀ ਜਾਂਦੀ ਹੈ।

**ਰੈਂਟਲ ਅਸਿਸਟੈਂਸ ਪ੍ਰੋਗਰਾਮ (RAP) (ਕਿਰਾਇਆ ਸਹਾਇਤਾ ਪ੍ਰੋਗਰਾਮ)**
ਯੋਗ ਘੱਟ ਆਮਦਨੀ ਵਾਲੇ ਕੰਮਕਾਜੀ ਪਰਿਵਾਰਾਂ ਦੀ ਉਹਨਾਂ ਦੇ ਮਹੀਨਾਵਾਰ ਕਿਰਾਏ ਦੇ ਭੁਗਤਾਨਾਂ ਵਿੱਚ ਮਦਦ ਕਰਨ ਲਈ ਮਹੀਨਾਵਾਰ ਸਹਾਇਤਾ ਪ੍ਰਦਾਨ ਕਰਦਾ ਹੈ।

**ਸ਼ੈਲਟਰ ਏਡ ਫਾਰ ਐਲਡਰਲੀ ਰੈਂਟਰਸ (SAFER) (ਬਜ਼ੁਰਗ ਕਿਰਾਏਦਾਰਾਂ ਲਈ ਆਸਰਾ ਸਹਾਇਤਾ)**
60 ਜਾਂ ਇਸ ਤੋਂ ਵੱਧ ਉਮਰ ਦੇ ਘੱਟ ਤੋਂ ਦਰਮਿਆਨੀ ਆਮਦਨੀ ਵਾਲੇ ਬੀਸੀ ਬਜ਼ੁਰਗਾਂ ਵਾਸਤੇ ਕਿਰਾਏ 'ਤੇ ਸਬਸਿਡੀ ਦੇਣ ਲਈ ਮਹੀਨਾਵਾਰ ਨਕਦ ਭੁਗਤਾਨ ਪ੍ਰਦਾਨ ਕਰਦਾ ਹੈ।

**ਰੈਂਟ ਬੈਂਕ**
ਸੰਕਟ ਦਾ ਸਾਹਮਣਾ ਕਰ ਰਹੇ ਘੱਟ ਆਮਦਨੀ ਵਾਲੇ ਨੋਰਥ ਡੈਲਟਾ ਪਰਿਵਾਰ ਇੱਕ ਵਿਅਕਤੀ ਲਈ $1,200 ਤੱਕ ਜਾਂ ਇੱਕ ਪਰਿਵਾਰ ਲਈ $1,600 ਤੱਕ ਦੇ ਇੱਕ ਵਾਰ ਦੇ ਕਰਜ਼ੇ ਲਈ ਯੋਗ ਹੋ ਸਕਦੇ ਹਨ। ਇਹ ਪਤਾ ਕਰਨ ਲਈ ਕਿ ਕੀ ਤੁਸੀਂ ਯੋਗ ਹੋ ਮੁਲਾਕਾਤ ਕਰੋ।

*ਵੈੱਬਸਾਈਟ ਲਿੰਕਾਂ ਲਈ ਕਿਰਪਾ ਕਰਕੇ QR ਕੋਡ ਨੂੰ ਸਕੈਨ ਕਰੋ।*



# ਡੈਲਟਾ ਵਿੱਚ ਵਸਣਾ

## ਨਵੇਂ ਆਉਣ ਵਾਲਿਆਂ ਲਈ ਭਾਈਚਾਰਕ ਸਰੋਤ

Delta

www.delta.ca/community-culture/social-planning

## ਡੈਲਟਾ ਵਿੱਚ ਵਸ ਰਹੇ ਹੋ?

**ਸੈਟਲਮੈਂਟ ਵਰਕਰਜ਼ ਇਨ ਸਕੂਲਜ਼ (SWIS) ਪ੍ਰੋਗਰਾਮ**
ਡੈਲਟਾ ਸੈਟਲਮੈਂਟ ਵਰਕਰਜ਼ ਇਨ ਸਕੂਲਜ਼ (ਸਕੂਲ ਵਿੱਚ ਸੈਟਲਮੈਂਟ ਵਰਕਰ) ਪ੍ਰੋਗਰਾਮ ਉਹਨਾਂ ਯੋਗ ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਲਈ ਮੁਫ਼ਤ ਸੈਟਲਮੈਂਟ ਸੇਵਾਵਾਂ ਪ੍ਰਦਾਨ ਕਰਦਾ ਹੈ ਜੋ ਡੈਲਟਾ ਸਕੂਲ ਜਾਂ ਡੈਲਟਾ ਕਮਿਊਨਿਟੀ ਕਾਲਜ (LINC ਸਮੇਤ) ਵਿੱਚ ਪੜ੍ਹਦੇ ਹਨ। ਸਹਾਇਤਾ ਅੰਗਰੇਜ਼ੀ, ਫ੍ਰੈਂਚ, ਅਰਬੀ, ਕੈਂਟੋਨੀਜ਼, ਡਾਰੀ, ਹਿੰਦੀ, ਮੈਂਡਰਿਨ, ਪਸ਼ਤੋ ਅਤੇ ਪੰਜਾਬੀ ਸਮੇਤ ਕਈ ਭਾਸ਼ਾਵਾਂ ਅਤੇ ਉਪਭਾਸ਼ਾਵਾਂ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ। ਖਾਸ ਭਾਸ਼ਾਵਾਂ ਬੋਲਣ ਵਾਲੇ ਸੈਟਲਮੈਂਟ ਵਰਕਰ ਨਾਲ ਸੰਪਰਕ ਕਰਨ ਲਈ ਜਾਂ ਹੋਰ ਜਾਣਕਾਰੀ ਲਈ ਕਿਰਪਾ ਕਰਕੇ QR ਕੋਡ ਨੂੰ ਸਕੈਨ ਕਰੋ।
ਸੰਪਰਕ: 604-952-5323 | swis@deltasd.bc.ca

*ਬਹੁਤ ਸਾਰੀਆਂ ਇਮੀਗ੍ਰੈਂਟਾਂ ਨੂੰ ਸੇਵਾਵਾਂ ਦੇਣ ਵਾਲੀਆਂ ਏਜੰਸੀਆਂ ਹਨ ਜੋ ਅਜਿਹੇ ਮੁਫ਼ਤ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਪੇਸ਼ਕਸ਼ ਕਰਦੀਆਂ ਹਨ ਜੋ ਕੈਨੇਡਾ ਵਿੱਚ ਸੈਟਲ ਹੋਣ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ, ਜਿਨ੍ਹਾਂ ਵਿੱਚ ਰਿਹਾਇਸ਼ ਲੱਭਣ, ਤੁਹਾਡੇ ਬੱਚੇ ਨੂੰ ਸਕੂਲ ਵਿੱਚ ਰਜਿਸਟਰ ਕਰਨਾ, ਅੰਗਰੇਜ਼ੀ ਭਾਸ਼ਾ ਦੀਆਂ ਕਲਾਸਾਂ ਲਈ ਰਜਿਸਟਰ ਕਰਨਾ, ਸਰਕਾਰੀ/ਭਾਈਚਾਰਕ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਮਦਦ ਕਰਨਾ, ਅਤੇ ਸਥਾਨਕ ਸੱਭਿਆਚਾਰ ਅਤੇ ਕੈਨੇਡਾ ਵਿੱਚ ਤੁਹਾਡੇ ਅਧਿਕਾਰਾਂ ਨੂੰ ਸਮਝਣਾ ਸ਼ਾਮਲ ਹੈ।*

**ਡੈਲਟਾ ਦੀਆਂ ਲਾਇਬ੍ਰੇਰੀਆਂ ਵਿੱਚ ਮਹੀਨਾਵਾਰ ਸੈਟਲਮੈਂਟ ਸੇਵਾਵਾਂ**
ਸੇਵਾਵਾਂ ਵੱਖ-ਵੱਖ ਏਜੰਸੀਆਂ ਦੁਆਰਾ ਮਹੀਨਾਵਾਰ ਅਧਾਰ 'ਤੇ ਮੁਹੱਈਆ ਕੀਤੀਆਂ ਜਾਂਦੀਆਂ ਹਨ।

*ਜੋਰਜ ਮੈਕੀ ਲਾਇਬ੍ਰੇਰੀ*, 8440 112 Street, Delta
604-594-8155 | george.mackie.library@fvrl.bc.ca

**ਇਮੀਗ੍ਰੈਂਟ ਸੈਟਲਮੈਂਟ ਏਜੰਸੀਆਂ**
*PICS*
ਡੈਲਟਾ ਦਫਤਰ: Unit 3, 7953 120 Street, Delta
ਸਰ੍ਹੀ ਦਫਤਰ: Unit 205, 12725 80 Ave, Surrey
604-596-7722 ਐਕਸਟੈਂਸ਼ਨ: 121, 222, 235

*MOSAIC*, 7134 King George Blvd, Suite 200, Surrey
778-591-9334 | info@mosaicbc.org

*Options*, 13520 78 Ave, Surrey
604-596-4321 | info@options.bc.ca

*ISSofBC*, Unit 301, 10334 152A Street, Surrey
604-683-1684 | info.surrey@issbc.org

*DIVERSEcity ਕਮਿਊਨਿਟੀ ਰਿਸੋਰਸ ਸੋਸਾਇਟੀ*
13455 76 Avenue, Surrey
604-597-0205 | info@dcrs.ca

*SUCCESS*, Unit 100, 15117 100 Ave, Surrey
604-588-6869 | isipsurrey@success.bc.ca

*ਰਿਚਮੰਡ ਮਲਟੀਕਲਚਰਲ ਕਮਿਊਨਿਟੀ ਸਰਵਿਸਿਜ਼ ਸੋਸਾਇਟੀ*
Unit 210, 7000 Minory Boulevard, Richmond
604-279-7160 | info@rmcs.bc.ca

## ਅੰਗਰੇਜ਼ੀ ਸਿੱਖ ਰਹੇ ਹੋ?

**ਕੈਨੇਡਾ ਵਿੱਚ ਨਵੇਂ ਆਉਣ ਵਾਲਿਆਂ ਲਈ ਭਾਸ਼ਾ ਸੰਬੰਧੀ ਪੜ੍ਹਾਈ**
ਕੈਨੇਡਾ ਵਿੱਚ ਨਵੇਂ ਆਉਣ ਵਾਲਿਆਂ ਲਈ ਭਾਸ਼ਾ ਸੰਬੰਧੀ ਪੜ੍ਹਾਈ (Language Instruction for Newcomers to Canada - LINC) ਨੂੰ ਫੈਡਰਲ ਸਰਕਾਰ (IRCC) ਦੁਆਰਾ ਫੰਡ ਦਿੱਤਾ ਜਾਂਦਾ ਹੈ ਅਤੇ ਇਹ ਨਵੇਂ ਆਉਣ ਵਾਲਿਆਂ ਬਾਲਗਾਂ ਨੂੰ ਮੁਫ਼ਤ ਵਿੱਚ ਪੇਸ਼ ਕੀਤੀ ਜਾਂਦੀ ਹੈ। ਜੇ ਤੁਸੀਂ 17 ਸਾਲ ਤੋਂ ਵੱਧ ਉਮਰ ਦੇ ਸਥਾਈ ਨਿਵਾਸੀ ਜਾਂ ਕਨਵੈਨਸ਼ਨ ਰਫਿਊਜੀ ਹੋ ਤਾਂ ਤੁਸੀਂ LINC ਲੈ ਸਕਦੇ ਹੋ। LINC ਲੈਵਲ ਪ੍ਰੀ-ਲਿਟਰੇਸੀ (ਬਹੁਤ ਨੀਵੇਂ ਸ਼ੁਰੂਆਤੀ) ਤੋਂ ਲੈਵਲ 8 (ਉੱਚ ਇੰਟਰਮੀਡੀਏਟ) ਤੱਕ ਜਾਂਦਾ ਹੈ। ਕੁਝ LINC ਸਕੂਲਾਂ ਵਿੱਚ ਪ੍ਰੀ-ਸਕੂਲ ਉਮਰ ਦੇ ਬੱਚਿਆਂ ਲਈ ਮੁਫ਼ਤ ਬਾਲ ਦੇਖਭਾਲ ਹੁੰਦੀ ਹੈ।

**ਭਾਸ਼ਾ ਦਾ ਮੁਲਾਂਕਣ**
LINC ਪ੍ਰੋਗਰਾਮ ਵਿੱਚ ਦਾਖਲਾ ਲੈਣ ਤੋਂ ਪਹਿਲਾਂ, ਤੁਹਾਡੇ ਲਈ ਭਾਸ਼ਾ ਦਾ ਮੁਲਾਂਕਣ ਪੂਰਾ ਕਰਨਾ ਲਾਜ਼ਮੀ ਹੈ। ਤੁਹਾਡੀ ਮੁਲਾਂਕਣ ਰਿਪੋਰਟ 12 ਮਹੀਨਿਆਂ ਲਈ ਵੈਧ ਹੁੰਦੀ ਹੈ। ਆਪਣੀ ਅਪਾਇੰਟਮੈਂਟ ਬੁੱਕ ਕਰੋ:
*LINC ਅਸੈਸਮੈਂਟ ਐਂਡ ਰੈਫਰਲ ਸੈਂਟਰ*
Unit 408, 7337 137 Street, Surrey | 604 507-4150

**ਡੈਲਟਾ ਵਿੱਚ LINC ਪ੍ਰੋਗਰਾਮ**
ਡੈਲਟਾ ਕਮਿਊਨਿਟੀ ਕਾਲਜ ਸਵੇਰੇ, ਦੁਪਹਿਰ ਅਤੇ ਸ਼ਾਮ ਦੀਆਂ ਕਲਾਸਾਂ ਵਿੱਚ LINC ਪ੍ਰੀ-ਲਿਟਰੇਸੀ ਤੋਂ ਲੈ ਕੇ LINC 6 ਤੱਕ ਨੂੰ ਕਵਰ ਕਰਨ ਵਾਲੀ ਅੰਗਰੇਜ਼ੀ ਭਾਸ਼ਾ ਦੀ ਪੜ੍ਹਾਈ ਮੁਹੱਈਆ ਕਰਦਾ ਹੈ। ਸਾਰੀਆਂ LINC ਕਲਾਸਾਂ ਇੱਕ ਮਿਸ਼ਰਿਤ ਫਾਰਮੈਟ - ਵਿਅਕਤੀਗਤ ਅਤੇ ਔਨਲਾਈਨ ਦਾ ਸੁਮੇਲ - ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ।
*ਡੈਲਟਾ ਕਮਿਊਨਿਟੀ ਕਾਲਜ*
604-952-2923 | LINC@deltaschools.ca

**ਲਾਇਬ੍ਰੇਰੀਆਂ ਵਿੱਚ ESL ਬੁੱਕ ਕਲੱਬ**
*"ਆਓ ਗੱਲ ਕਰੀਏ - ਦੁਜੀਆਂ ਭਾਸ਼ਾਵਾਂ ਦੇ ਅੰਗਰੇਜ਼ੀ ਬੋਲਣ ਵਾਲਿਆਂ (ESOL) ਲਈ ਖੇਡਾਂ ਅਤੇ ਮਨੋਰੰਜਨ"* ਪ੍ਰੋਗਰਾਮ ਵਿਅਕਤੀਆਂ ਲਈ ਇਕੱਠੇ ਹੋਣ ਅਤੇ ਨਵੇਂ ਲੋਕਾਂ ਨੂੰ ਮਿਲਦੇ ਹੋਏ ਦੂਜਿਆਂ ਨਾਲ ਮਿਲ ਕੇ ਆਪਣੇ ਅੰਗਰੇਜ਼ੀ ਹੁਨਰ ਦਾ ਅਭਿਆਸ ਕਰਨ ਦਾ ਇੱਕ ਵਧੀਆ ਤਰੀਕਾ ਹੈ। ਲਾਇਬ੍ਰੇਰੀ ਨਵੇਂ ਆਏ ਲੋਕਾਂ ਲਈ ਇੱਕ ਸੁਰੱਖਿਅਤ ਜਗ੍ਹਾ ਵਿੱਚ ਹਰ ਹਫ਼ਤੇ ਆਉਣ ਅਤੇ ਵੱਖ-ਵੱਖ ਵਿਸ਼ਿਆਂ ਬਾਰੇ ਬੋਲਣ ਅਤੇ ਸੁਣਨ ਦੁਆਰਾ ਆਪਣੀ ਅੰਗਰੇਜ਼ੀ ਵਿੱਚ ਸੁਧਾਰ ਕਰਨ ਲਈ Conversation Circles (ਗੱਲਬਾਤ ਸਰਕਲ) ਵੀ ਚਲਾਉਂਦੀ ਹੈ। ਇਹ ਪ੍ਰੋਗਰਾਮ ਜੋਰਜ ਮੈਕੀ ਲਾਇਬ੍ਰੇਰੀ ਅਤੇ ਲੈਡਨਰ ਪਾਇਓਨੀਅਰ ਲਾਇਬ੍ਰੇਰੀ ਵਿੱਚ ਚਲਾਏ ਜਾਂਦੇ ਹਨ।

*ਜੋਰਜ ਮੈਕੀ ਲਾਇਬ੍ਰੇਰੀ*
8440 112 Street, Delta
604-594-8155 | george.mackie.library@fvrl.bc.ca

*ਲੈਡਨਰ ਪਾਇਓਨੀਅਰ ਲਾਇਬ੍ਰੇਰੀ*
4683 51 Street, Delta
604-946-6215 | ladner.pioneer.library@fvrl.bc.ca

*ਕਿਰਪਾ ਕਰਕੇ ਫ੍ਰੇਜ਼ਰ ਵੈਲੀ ਰੀਜਨਲ ਲਾਇਬ੍ਰੇਰੀ ਇਵੈਂਟਸ ਪੰਨੇ 'ਤੇ ਜਾਓ ਅਤੇ ਉਸ ਲਾਇਬ੍ਰੇਰੀ 'ਤੇ ਕਲਿੱਕ ਕਰੋ ਜਿੱਥੇ ਤੁਸੀਂ ਜਾਣਾ ਚਾਹੁੰਦੇ ਹੋ। ਤੁਸੀਂ ਆਪਣੀ ਚੁਣੀ ਹੋਈ ਲਾਇਬ੍ਰੇਰੀ ਵਿੱਚ ਹੋਣ ਵਾਲੀਆਂ ਸਾਰੀਆਂ ਘਟਨਾਵਾਂ ਦਾ ਕਲੰਡਰ ਦੇਖ ਸਕੋਗੇ।*

## ਨੌਕਰੀ ਲੱਭ ਰਹੇ ਹੋ?

**WorkBC ਸੈਂਟਰ**
WorkBC (ਵਰਕਬੀਸੀ) ਉਹਨਾਂ ਨੌਕਰੀ ਭਾਲਣ ਵਾਲਿਆਂ ਦੀ ਰੁਜ਼ਗਾਰ ਲੱਭਣ ਅਤੇ ਬਣਾਏ ਰੱਖਣ, ਅਤੇ ਰੁਜ਼ਗਾਰ ਲਈ ਤਿਆਰੀ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਨ ਲਈ ਸਮਰਥਨ ਪ੍ਰਦਾਨ ਕਰਦੇ ਹਨ ਜੋ ਬੇਰੁਜ਼ਗਾਰ ਹਨ ਜਾਂ ਅਸਥਿਰ ਨੌਕਰੀ ਵਿੱਚ ਹਨ ਅਤੇ BC ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰ ਸਕਦੇ ਹਨ।

*ਨੋਰਥ ਡੈਲਟਾ ਵਿੱਚ ਵਰਕਬੀਸੀ ਸੈਂਟਰ*
3rd Floor, 11861 88 Ave
604-591-9116 | centre-delta-88th@workbc.ca

*ਸਾਊਥ ਡੈਲਟਾ ਵਿੱਚ ਵਰਕਬੀਸੀ ਸੈਂਟਰ*
4899 Delta Street
604-591-9116 | centre-delta-delta@workbc.ca

**ਅੰਤਰਰਾਸ਼ਟਰੀ ਪ੍ਰਮਾਣ ਪੱਤਰ ਮੁਲਾਂਕਣ ਸੇਵਾਵਾਂ (ICES)**
ICES (International Credential Evaluation Services) BC ਵਿੱਚ ਸੂਬਾਈ ਤੌਰ 'ਤੇ ਲਾਜ਼ਮੀ ਬਣਾਈ ਪ੍ਰਮਾਣ ਪੱਤਰ ਮੁਲਾਂਕਣ ਸੇਵਾ ਹੈ ਅਤੇ ਇਹ ਆਮ ਰੁਜ਼ਗਾਰ ਲੱਭ ਰਹੇ ਬਿਨੈਕਾਰਾਂ ਲਈ ਮੁਢਲਾ ਮੁਲਾਂਕਣ, ਕਿਸੇ ਪੇਸ਼ੇਵਰ ਕਿੱਤੇ ਵਿੱਚ ਰੁਜ਼ਗਾਰ ਲਈ ਜਾਂ ਕੈਨੇਡੀਅਨ ਪੋਸਟ-ਸੈਕੰਡਰੀ ਸੰਸਥਾ ਵਿੱਚ ਪੜ੍ਹਾਈ ਲਈ ਦਾਖਲਾ ਲੈਣ ਲਈ ਸਿੱਖਿਆ ਦਾ ਵਿਆਪਕ ਮੁਲਾਂਕਣ ਪ੍ਰਦਾਨ ਕਰਦੀ ਹੈ।

### ਪੇਸ਼ੇਵਰ ਰੁਜ਼ਗਾਰ ਪ੍ਰੋਗਰਾਮ

**ਹੁਨਰਮੰਦ ਪ੍ਰਵਾਸੀਆਂ ਲਈ ਕਰੀਅਰ ਮਾਰਗ**
ਹੁਨਰਮੰਦ ਪ੍ਰਵਾਸੀਆਂ ਲਈ ਕਰੀਅਰ ਮਾਰਗ (Career Paths for Skilled Immigrants) ਪ੍ਰੋਗਰਾਮ ਪੇਸ਼ੇਵਰਾਂ ਦੀ ਉਹਨਾਂ ਦੇ ਹੁਨਰ, ਅਨੁਭਵ ਅਤੇ ਪਿਛੋਕੜ ਨਾਲ ਮੇਲ ਖਾਂਦੀਆਂ ਨੌਕਰੀਆਂ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ। ਪ੍ਰੋਗਰਾਮ ਲਈ ਯੋਗ ਹੋਣ ਵਾਸਤੇ ਜ਼ਰੂਰੀ ਹੈ ਕਿ ਤੁਸੀਂ ਪਿਛਲੇ 10 ਸਾਲਾਂ ਵਿੱਚ ਇੱਕ ਸਥਾਈ ਨਿਵਾਸੀ ਬਣੇ ਹੋ ਜਾਂ ਇੱਕ ਸੁਰੱਖਿਅਤ ਵਿਅਕਤੀ/ਸ਼ਰਣਾਰਥੀ ਹੋ, ਤੁਹਾਡੇ ਕੋਲ ਪਹਿਲਾਂ ਦਾ ਕੰਮ ਦਾ ਤਜਰਬਾ ਹੈ, ਅਤੇ ਤੁਹਾਡੇ ਕੋਲ ਅੰਗਰੇਜ਼ੀ ਦੇ ਇੰਟਰਮੀਡੀਏਟ ਤੋਂ ਲੈ ਕੇ ਅਡਵਾਂਸਡ ਪੱਧਰ ਦੇ ਹੁਨਰ ਹਨ।

*ਖਾਸ ਰੋਜ਼ਗਾਰ ਸਟ੍ਰੀਮਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ QR ਕੋਡ ਨੂੰ ਸਕੈਨ ਕਰੋ:*

*ISSofBC ਦੁਆਰਾ ਉਸਾਰੀ ਅਤੇ ਇੰਜੀਨੀਅਰਿੰਗ*
604-375-2105 | careerpaths@issbc.org

*ISSofBC ਦੁਆਰਾ ਤਕਨਾਲੋਜੀ*
604-375-2105 | careerpaths@issbc.org

*MOSAIC ਦੁਆਰਾ ਕਾਰੋਬਾਰ*
604-438-8214 ਐਕਸਟੈਨਸ਼ਨ 111 | careerpaths@mosaicbc.org

*ਡਗਲਸ ਕਾਲਜ ਦੁਆਰਾ ਹੈਲਥ A (ਨਰਸਿੰਗ)*
604-588-7772 | careerpaths@douglascollege.ca

*ਬੈਕ ਇਨ ਮੋਸ਼ਨ ਦੁਆਰਾ ਹੈਲਥ B (ਹੋਰ ਸਿਹਤ-ਸੰਭਾਲ ਪੇਸ਼ੇ)*
604-575-3800 | info@careerpaths.ca

*ਡਗਲਸ ਕਾਲਜ ਦੁਆਰਾ ਸਿੱਖਿਆ ਅਤੇ ਸਮਾਜਿਕ ਸੇਵਾਵਾਂ*
604-438-3045 | careerpaths1@douglascollege.ca

## ਨੌਕਰੀ ਲੱਭ ਰਹੇ ਹੋ?

*PICS ਦੁਆਰਾ ਪ੍ਰਬੰਧਨ*
604-596-7722 | careerpaths@pics.bc.ca

**ਨਵੇਂ ਆਉਣ ਵਾਲਿਆਂ ਲਈ ਰੁਜ਼ਗਾਰ ਦੇ ਰਸਤੇ**
ਇਹ ਪ੍ਰੋਗਰਾਮ IT ਖੇਤਰ ਵਿੱਚ ਨਵੇਂ ਆਏ ਲੋਕਾਂ ਨੂੰ ਕੈਨੇਡੀਅਨ ਰੁਜ਼ਗਾਰਦਾਤਾਵਾਂ ਦੇ ਨਾਲ 6-ਮਹੀਨਿਆਂ ਦੇ ਤਨਖਾਹ ਵਾਲੀ ਵਰਕ ਪਲੇਸਮੈਂਟ ਦਾ ਮੌਕਾ ਦਿੰਦਾ ਹੈ ਅਤੇ ਇਸ ਵਿੱਚ ਕਾਰੋਬਾਰ ਵਿਕਾਸ ਬਾਰੇ ਸਿਖਲਾਈ ਸ਼ਾਮਲ ਹੁੰਦੀ ਹੈ।
ਈਮੇਲ: iadvancepathways@ictc-ctic.ca

**ਹੋਰ ਰੁਜ਼ਗਾਰ ਪ੍ਰੋਗਰਾਮ**
ਸਾਰੀਆਂ ਇਮੀਗ੍ਰੈਂਟਸ ਸੈਟਲਮੈਂਟ ਏਜੰਸੀਆਂ ਰੁਜ਼ਗਾਰ-ਸੰਬੰਧਿਤ ਪ੍ਰੋਗਰਾਮ ਮੁਹੱਈਆ ਕਰਦੀਆਂ ਹਨ। ਇਸ ਪਰਚੇ ਦੇ *'ਡੈਲਟਾ ਵਿੱਚ ਵਸ ਰਹੇ ਹੋ?'* ਭਾਗ ਵਿੱਚ ਸੰਪਰਕ ਜਾਣਕਾਰੀ ਦੇਖੋ।

## ਕੀ ਤੁਸੀਂ ਡੈਲਟਾ ਵਿੱਚ ਪ੍ਰਵਾਸੀ ਮਜ਼ਦੂਰ ਹੋ?

**MOSAIC**
MOSAIC ਵਿਖੇ ਮਾਈਗ੍ਰੈਂਟ ਵਰਕਰਜ਼ ਪ੍ਰੋਗਰਾਮ 1-1 ਸਹਾਇਤਾ ਅਤੇ ਵਿਦਿਅਕ ਸੈਸ਼ਨ, ਆਊਟਰੀਚ ਸੇਵਾਵਾਂ, ਐਮਰਜੈਂਸੀ ਸਹਾਇਤਾ (ਆਰਜ਼ੀ ਰਿਹਾਇਸ਼ ਦੀ ਲਾਗਤ, ਭੋਜਨ ਅਤੇ ਡਾਕਟਰੀ ਖਰਚਿਆਂ ਲਈ ਸੀਮਤ ਫੰਡ), ਫੋਰਮ, ਕਮਿਊਨਿਟੀ ਸਮਾਗਮ ਦੀ ਪੇਸ਼ਕਸ਼ ਕਰਦਾ ਹੈ, ਅਤੇ ਲੋੜ ਪੈਣ 'ਤੇ ਵਿਅਕਤੀਆਂ ਦਾ ਉਹਨਾਂ ਦੇ ਕਾਉਂਸੇਲੇਟ ਨਾਲ ਤਾਲਮੇਲ ਕਰਦਾ ਹੈ। ਸੇਵਾਵਾਂ ਅੰਗਰੇਜ਼ੀ, ਸਪੈਨਿਸ਼, ਟੈਗਾਲੋਗ, ਪੰਜਾਬੀ, ਹਿੰਦੀ, ਫ੍ਰੈਂਚ, ਫਾਰਸੀ ਅਤੇ ਡਾਰੀ ਵਿੱਚ ਉਪਲਬਧ ਹਨ।
7134 King George Blvd, Suite 200, Surrey
778-591-9334 | migrantworkers@mosaicbc.org

**ਆਪਸ਼ਨਜ਼ ਭਾਈਚਾਰਕ ਸੇਵਾਵਾਂ**
ਆਪਸ਼ਨਜ਼ ਵਿਖੇ ਮਾਈਗ੍ਰੈਂਟ ਵਰਕਰਜ਼ ਪ੍ਰੋਗਰਾਮ ਨੌਕਰੀ ਲੱਭਣ ਦੇ ਹੁਨਰਾਂ ਦੀ ਸਿਖਲਾਈ, ਕੰਮ ਵਾਲੀ ਥਾਂ 'ਤੇ ਅੰਗਰੇਜ਼ੀ ਦੇ ਗੱਲਬਾਤ ਸਰਕਲ, ਅਤੇ ਅਧਿਕਾਰਾਂ ਬਾਰੇ ਸਿੱਖਿਆ ਪ੍ਰਦਾਨ ਕਰਦਾ ਹੈ। ਪ੍ਰੋਗਰਾਮ ਸਮਾਜਿਕ ਅਤੇ ਸੱਭਿਆਚਾਰਕ ਸਮਾਗਮਾਂ ਦੀ ਮੇਜ਼ਬਾਨੀ ਵੀ ਕਰਦਾ ਹੈ, ਅਤੇ ਪ੍ਰਵਾਸੀ ਕਾਮਿਆਂ ਦੀ ਬਿਹਤਰ ਤਰੀਕੇ ਨਾਲ ਸਹਾਇਤਾ ਕਰਨ ਲਈ ਰੁਜ਼ਗਾਰਦਾਤਾਵਾਂ ਨਾਲ ਕੰਮ ਕਰਦਾ ਹੈ। ਸੇਵਾਵਾਂ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਸਪੈਨਿਸ਼ ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ।
Unit 150, 10362 King George Blvd, Surrey 604-803-4169 | bcsis@options.bc.ca

**ਮਾਈਗ੍ਰੈਂਟ ਵਰਕਰਜ਼ ਸੈਂਟਰ (MWC)**
ਮਾਈਗ੍ਰੈਂਟ ਵਰਕਰਜ਼ ਸੈਂਟਰ (MWC) ਇੱਕ ਗੈਰ-ਮੁਨਾਫ਼ਾ ਸੰਸਥਾ ਹੈ ਜੋ ਕਾਨੂੰਨੀ ਵਕਾਲਤ ਨੂੰ ਸਮਰਪਿਤ ਹੈ। ਸੈਂਟਰ ਕਾਨੂੰਨੀ ਸਿੱਖਿਆ ਦਾ ਪ੍ਰਬੰਧ ਕਰਨ ਰਾਹੀਂ ਪ੍ਰਵਾਸੀ ਮਜ਼ਦੂਰਾਂ ਲਈ ਨਿਆਂ ਤੱਕ ਪਹੁੰਚ ਬਣਾਉਂਦਾ ਹੈ।
604-669-4482 | mwcbc.ca